> **ਕੋਸ਼ਿਸ਼ ਕਰੋ**
>
> ਅਜਿਹੀਆਂ ਪੰਜ ਸਥਿਤੀਆਂ ਬਣਾਓ ਜਾਂ ਸੋਚੋ ਜਿਹਨਾਂ ਨਤੀਜਿਆਂ ਦੇ ਸੰਜੋਗ ਬਰਾਬਰ ਨਾ ਹੋਣ।

ਜਿਸਦੇ ਵਾਪਰਨ ਦਾ ਕੋਈ ਸੰਜੋਗ ਜਾਂ ਸੰਭਾਵਨਾ ਨਹੀਂ ਹੈ, ਉਹਨਾਂ ਦੀ ਸੰਭਾਵਨਾ 0 ਹੁੰਦੀ ਹੈ ਅਤੇ ਨਿਸ਼ਚਿਤ ਰੂਪ ਨਾਲ ਵਾਪਰਨਾ ਹੈ। ਉਹਨਾਂ ਦੀ ਸੰਭਾਵਨਾ 1 ਹੁੰਦੀ ਹੈ।

ਇੱਕ ਸਥਿਤੀ ਦਿੱਤੇ ਹੋਣ 'ਤੇ, ਅਸੀਂ ਵੱਖ ਵੱਖ ਸੰਭਵ ਨਤੀਜਿਆਂ ਨੂੰ ਸਮਝਣ ਅਤੇ ਹਰੇਕ ਨਤੀਜੇ ਦੇ ਸੰਭਾਵਿਤ ਸੰਜੋਗ ਦੇ ਅਧਿਐਨ ਦੀ ਲੋੜ ਹੁੰਦੀ ਹੈ। ਇਹ ਸੰਭਵ ਹੈ ਕਿ ਸਿੱਕੇ ਅਤੇ ਪਾਸੇ ਦੀ ਸਥਿਤੀ ਦੇ ਉਲਟ ਅਜਿਹੇ ਵੀ ਨਤੀਜੇ ਹੋਣ ਜਿਹਨਾਂ ਦੇ ਵਾਪਰਨ ਦੇ ਸੰਜੋਗ ਬਰਾਬਰ ਨਾ ਹੋਣ। ਉਦਾਹਰਣ ਦੇ ਤੌਰ 'ਤੇ ਜੇਕਰ ਇੱਕ ਬਰਤਨ ਵਿੱਚ 15 ਲਾਲ ਗੇਂਦਾਂ ਹੋਣ ਅਤੇ 9 ਚਿੱਟੀਆਂ ਗੇਂਦਾਂ ਹੋਣ ਅਤੇ ਇਹਨਾਂ ਵਿੱਚੋਂ ਗੇਂਦ ਬਿਨ੍ਹਾਂ ਦੇਖੇ ਕੱਢੀ ਜਾਂਦੀ ਹੈ ਤਾਂ ਚਿੱਟੀ ਗੇਂਦ ਪ੍ਰਾਪਤ ਕਰਨ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਕਿਉਂ? ਲਾਲ ਗੇਂਦ ਪ੍ਰਾਪਤ ਕਰਨ ਦੀ ਸੰਭਾਵਨਾ ਸਫੈਦ ਗੇਂਦ ਪ੍ਰਾਪਤ ਕਰਨ ਦੀ ਸੰਭਾਵਨਾ ਦਾ ਕਿੰਨੇ ਗੁਣਾ ਹੈ? ਧਿਆਨ ਦਿਓ ਇਹਨਾਂ ਦੋਵਾਂ ਦੀ ਸੰਭਾਵਨਾ 0 ਅਤੇ 1 ਦੇ ਵਿੱਚ ਹੈ।

## ਅਭਿਆਸ 3.4



1. ਦੱਸੋ ਕਿ ਹੇਠ ਲਿਖੇ ਵਿੱਚ ਕਿਸਦਾ ਹੋਣਾ ਨਿਸ਼ਚਿਤ ਹੈ ਕਿਸਦਾ ਹੋਣਾ ਅਸੰਭਵ ਹੈ ਅਤੇ ਕਿਹੜਾ ਹੋ ਵੀ ਸਕਦਾ ਹੈ, ਪਰ ਨਿਸ਼ਚਿਤ ਰੂਪ ਨਾਲ ਨਹੀਂ :
   (i) ਅੱਜ ਤੁਸੀਂ ਕੱਲ ਨਾਲੋਂ ਵੱਧ ਉਮਰ ਦੇ ਹੋ।
   (ii) ਇੱਕ ਸਿੱਕੇ ਨੂੰ ਉਛਾਲਣ 'ਤੇ ਸਿੱਕੇ ਦਾ ਚਿੱਤ ਆਵੇਗਾ।
   (iii) ਇੱਕ ਪਾਸੇ ਨੂੰ ਸੁੱਟਣ 'ਤੇ 8 ਆਵੇਗਾ।
   (iv) ਅਗਲੀ ਟ੍ਰੈਫਿਕ ਲਾਈਟ ਹਰੀ ਦਿਖੇਗੀ।
   (v) ਕੱਲ ਬੱਦਲਵਾਈ ਹੋਵੇਗੀ।
2. ਇੱਕ ਡੱਬੇ ਵਿੱਚ 6 ਬੰਟੇ ਹਨ ਜਿਹਨਾਂ 'ਤੇ 1 ਤੋਂ 6 ਸੰਖਿਆਵਾਂ ਲਿਖੀਆਂ ਹਨ।
   (i) ਸੰਖਿਆ 2 ਵਾਲੇ ਬੰਟੇ ਨੂੰ ਇਸ ਵਿੱਚੋਂ ਕੱਢਣ ਦੀ ਸੰਭਾਵਨਾ ਕੀ ਹੈ?
   (ii) ਸੰਖਿਆ 5 ਵਾਲੇ ਬੰਟੇ ਨੂੰ ਇਸ ਵਿੱਚੋਂ ਕੱਢਣ ਦੀ ਸੰਭਾਵਨਾ ਕੀ ਹੈ?
3. ਇਹ ਫੈਸਲਾ ਲੈਣ ਲਈ ਕਿ ਕਿਹੜੀ ਟੀਮ ਖੇਡ ਸ਼ੁਰੂ ਕਰੇਗੀ, ਇੱਕ ਸਿੱਕਾ ਉਛਾਲਿਆ ਜਾਂਦਾ ਹੈ। ਇਸਦੀ ਕੀ ਸੰਭਾਵਨਾ ਹੈ ਕਿ ਤੁਹਾਡੀ ਟੀਮ ਖੇਡ ਸ਼ੁਰੂ ਕਰੇਗੀ?

## ਅਸੀਂ ਕੀ ਚਰਚਾ ਕੀਤੀ?

1. ਅੰਕੜਿਆਂ ਦਾ ਇਕੱਠ, ਰਿਕਾਰਡਿੰਗ ਅਤੇ ਪੇਸ਼ ਕਰਨ ਨਾਲ ਸਾਨੂੰ ਆਪਣੇ ਅਨੁਭਵਾਂ ਨੂੰ ਇਕੱਠਾ ਕਰਨ ਅਤੇ ਅੰਕੜਿਆਂ ਤੋਂ ਸਿੱਟਾ ਕੱਢਣ ਵਿੱਚ ਸਹਾਇਤਾ ਮਿਲਦੀ ਹੈ।
2. ਅੰਕੜਿਆਂ ਨੂੰ ਇਕੱਠਾ ਕਰਨ ਤੋਂ ਪਹਿਲਾਂ, ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅਸੀਂ ਇਹਨਾਂ ਦਾ ਉਪਯੋਗ ਕਿਸ ਕਾਰਜ ਵਿੱਚ ਕਰਾਂਗੇ।
3. ਇਕੱਠੇ ਕੀਤੇ ਗਏ ਅੰਕੜਿਆਂ ਨੂੰ ਇੱਕ ਢੁੱਕਵੀਂ ਸਾਰਣੀ ਦੇ ਰੂਪ ਵਿੱਚ ਇਕੱਠੇ ਕੀਤੇ ਜਾਣ ਦੀ ਲੋੜ ਹੁੰਦੀ ਹੈ, ਤਾਂ ਕਿ ਇਹ ਅਸਾਨੀ ਨਾਲ ਸਮਝਣ ਦੇ ਯੋਗ ਹੋਣ ਅਤੇ ਇਹਨਾਂ ਦੀ ਵਿਆਖਿਆ ਵੀ ਕੀਤੀ ਜਾ ਸਕੇ।
4. ਔਸਤ ਇੱਕ ਅਜਿਹੀ ਸੰਖਿਆ ਹੈ, ਜੋ ਦਿੱਤੇ ਹੋਏ ਪ੍ਰੇਖਣਾਂ ਦੇ ਸਮੂਹ (ਜਾਂ ਅੰਕੜਿਆਂ) ਦਾ ਪ੍ਰਤਿਨਿਧਤਾ

Scanned by CamScanner

ਅਮਰੀਕ ਸਿੰਘ, ਮੈਥ ਮਾਸਟਰ
ਸ. ਹ. ਸ. ਪੁਆਦੜਾ
(ਜਲੰਧਰ)

## ਅਭਿਆਸ 3.4

**Que. 1.**

(i) ਹੋਣਾ ਨਿਸ਼ਚਿਤ ਹੈ।
(ii) ਹੋ ਸਕਦਾ ਹੈ ਪਰ ਨਿਸ਼ਚਿਤ ਰੂਪ ਨਾਲ ਨਹੀਂ।
(iii) ਇਸਦਾ ਹੋਣਾ ਅਸੰਭਵ ਹੈ।
(iv) ਹੋ ਸਕਦਾ ਹੈ ਪਰ ਨਿਸ਼ਚਿਤ ਰੂਪ ਨਾਲ ਨਹੀਂ।
(v) ਹੋ ਸਕਦਾ ਹੈ ਪਰ ਨਿਸ਼ਚਿਤ ਰੂਪ ਨਾਲ ਨਹੀਂ।

**Que. 2.**

(i) ਸੰਭਾਵਨਾ (ਸੰਖਿਆ 2 ਦਾ ਕਾ ਘੰਟਾ) $= \frac{1}{6}$

(ii) ਸੰਭਾਵਨਾ (ਸੰਖਿਆ 5 ਦਾ ਕਾ ਘੰਟਾ) $= \frac{1}{6}$

**Que. 3.**

ਇਕ ਸਿੱਕੇ ਨੂੰ ਉਛਾਲਣ ਦੇ ਫਲ ਨਤੀਜੇ
= {ਚਿੱਤ, ਪਟ}

ਚਿੱਤ ਅਤੇ ਪਟ ਆਉਣ ਦੀ ਸੰਭਾਵਨਾ ਬਰਾਬਰ ਹੈ।

∴ ਸੰਭਾਵਨਾ (ਟੀਮ ਚੁਣੇਗੀ) $= \frac{1}{2}$

—— × ——

Scanned by CamScanner